# ਨਵਾਂ ਸਾਲ (ਟਵੰਟੀ-ਟਵੰਟੀ) 2020.

** ਕੁੱਦਰਤੀ ਵਰਤਾਰਿਆਂ ਬਾਰੇ ਜਾਣਕਾਰੀ ਇਕੱਠੀ ਕਰਕੇ ਮਨੁੱਖ ਨੇ ਕੁੱਦਰਤ ਦੀ ਬਣੀ ਹੋਈ ਸਮੇਂ-ਸਾਰਨੀ ਨੂੰ ਆਪਣੀ ਮਨੁੱਖੀ ਵਿਉਂਤ ਵਿੱਚ ਲਿਆਉਣਾ ਕਰਕੇ **ਸਾਲ, ਮਹੀਨੇ, ਦਿਨ, ਰੁੱਤਾਂ, ਘੰਟੇ, ਮਿੰਟ, ਸਕਿੰਟਾਂ** ਵਿੱਚ ਵੰਡਣਾ ਕੀਤਾ, ਤਾਂ ਜੋ ਮਨੁੱਖੀ ਜੀਵਨ ਵਿੱਚ ਸਮੇਂ ਦੇ ਅਨੁਸਾਰੀ ਕੰਮ-ਕਾਰ ਕੀਤੇ ਜਾ ਸਕਣ।

. ਇਸ ਤਰਾਂ 'ਸਮੇਂ' ਨੂੰ ਆਪਣੇ ਤਰੀਕੇ-ਸਲੀਕੇ ਨਾਲ ਵੰਡਣਾ ਕਰਕੇ ਮਨੁੱਖ ਨੇ ਬਾ-ਕਮਾਲ ਤਰੱਕੀ ਵੀ ਕੀਤੀ ਹੈ ਅਤੇ ਕਰ ਰਿਹਾ ਹੈ।

. ਇਸੇ ਅੱਗੇ ਵੱਧਦੇ ਸਫ਼ਰ ਦੇ ਤਹਿਤ ਇਹ ਨਵਾਂ ਸਾਲ 2020 ਆ ਰਿਹਾ ਹੈ।

. ਸਿੱਖ-ਮਾਰਗ ਦੇ ਪੜ੍ਹਣ ਵਾਲੇ ਪਾਠਕ ਵੀਰਾਂ ਭੈਣਾਂ ਨੂੰ ਅਤੇ ਲਿੱਖਣ ਵਾਲੇ ਲਿਖਾਰੀ ਵੀਰਾਂ ਭੈਣਾਂ ਨੂੰ ਨਵੇਂ ਸਾਲ ਦੀਆਂ ਬਹੁਤ ਬਹੁਤ ਅਗਾਉਂ ਮੁਬਾਰਕਾਂ।




** ਕਾਦਰ-ਕਰਤੇ-ਕਰਤਾਰ ਦੀ ਬਣਾਈ/ਸਾਜੀ ਕਾਇਨਾਤ ਵਿੱਚ ਕੁੱਦਰਤੀ ਵਰਤਾਰਿਆਂ ਦੀ ਕਮੀ ਨਹੀਂ ਹੈ। ਇਹਨਾਂ ਵਰਤਾਰਿਆਂ ਨੂੰ ਵੇਖ-ਵੇਖ ਕੇ ਮਨੁੱਖ ਦੇ ਅੰਦਰੋਂ ਆਪ-ਮੁਹਾਰੇ, ਆਪਣੇ-ਆਪ ਹੀ **'ਵਾਹੁ-ਵਾਹੁ'** ਨਿਕਲਣ ਲੱਗ ਜਾਂਦਾ ਹੈ। "ਵਾਹੁ ਵਾਹੁ ਕਰਿ ਪ੍ਰਭੁ ਸਾਲਾਹੀਐ ਤਿਸੁ ਜੇਵਡੁ ਅਵਰੁ ਨ ਕੋਇ॥ ਮ3 1276॥

- ਬਲਿਹਾਰ ਜਾਣ ਨੂੰ ਜੀਅ ਕਰਦਾ ਹੈ।
- ਸਦਕੇ ਜਾਣ ਨੂੰ ਜੀਅ ਕਰਦਾ ਹੈ।
- ਕੁੱਦਰਤ ਨਾਲ ਇੱਕ-ਮਿੱਕ ਹੋ ਜਾਣ ਨੂੰ ਜੀਅ ਕਰਦਾ ਹੈ।

** ਕੁੱਦਰਤੀ ਵਰਤਾਰਿਆਂ ਵਿੱਚ ਹੀ ਸਾਡੇ ਇਸ ਦਿੱਸਦੇ ਸੂਰਜੀ ਮੰਡਲ ਵਿੱਚ ਸੂਰਜ ਦੀ ਪ੍ਰਕਰਮਾ ਕਰਦੇ 9 ਗ੍ਰਹਿ ਹਨ। (ਮਰਕਰੀ, ਵੀਨੱਸ, ਅਰਥ (ਧਰਤੀ), ਮਾਰਸ, ਜੁਪੀਟਰ, ਸੈਟਰਨ, ਯੂਰਾਨਸ ਅਤੇ ਨੈਪਟਿਊਨ, ਪਲੂਟੋ। ਹੋਰ ਵੀ ਹਨ ਜਿਹਨਾਂ ਬਾਰੇ ਮਨੁੱਖ ਅਜੇ ਖ਼ੋਜ ਕਰੀ ਜਾ ਰਿਹਾ ਹੈ)




. ਮਨੁੱਖ ਧਰਤੀ ਦਾ ਬਸਿੰਦਾ ਹੈ। ਧਰਤੀ ਦੀ ਸੂਰਜੀ-ਪ੍ਰਕਰਮਾ ਬਾਰੇ ਹੀ ਹੋਰ ਵਧੇਰੇ ਜਾਣਕਾਰੀ ਜਾਨਣਾ ਕਰਦੇ ਹਾਂ, ਕਿਸ ਤਰਾਂ ਨਵੇਂ ਸਾਲਾਂ-ਮਹੀਨਿਆਂ-ਦਿਨਾਂ-ਰੁੱਤਾਂ ਦਾ ਆਗਾਜ਼ ਹੁੰਦਾ ਹੈ।

."ਸਾਹਿਬੁ ਮੇਰਾ ਨੀਤ ਨਵਾ ਸਦਾ ਸਦਾ ਦਾਤਾਰੁ"॥ ਰਹਾਉ॥ ਮ1॥ 660॥

.“ਕਾਦਰ-ਕਰਤੇ-ਕਰਤਾਰ” ਦੇ ਬਣਾਏ ਵਿੱਧੀ ਵਿਧਾਨ ਦੇ ਅਨੁਸਾਰ ਤਾਂ ਇਸ ਬ੍ਰਹਿਮੰਡ ਵਿੱਚ ਸੱਭ ਕੁੱਝ ਚਲਾਏ ਮਾਨ ਹੈ। ਜੋ ਚੀਜ਼ ਚਲਾਏਮਾਨ ਹੈ, ਉਹ ਹਰ ਪਲ, ਹਰ ਵਕਤ ਨਵੀਂ ਹੈ। ਚਲਾਏ-ਮਾਨਤਾ ਹੋਣ ਕਰਕੇ ਹਰ ਚਲਦੀ ਸੈਅ ਵਿੱਚ ਹਰ ਪਲ, ਹਰ ਵਕਤ ਨਵਾਂਪਣ ਵਾਪਰਦਾ ਰਹਿੰਦਾ ਹੈ।

ਅਲਾਹੁ ਅਲਖੁ ਅਗੰਮੁ ਕਾਦਰੁ ਕਰਣਹਾਰੁ ਕਰੀਮੁ ॥ ਸਭ ਦੁਨੀ ਆਵਣ ਜਾਵਣੀ ਮੁਕਾਮੁ ਏਕੁ ਰਹੀਮੁ ॥੬॥ ਮੁਕਾਮੁ ਤਿਸ ਨੋ ਆਖੀਐ ਜਿਸੁ ਸਿਸਿ ਨ ਹੋਵੀ ਲੇਖੁ ॥ ਅਸਮਾਨੁ ਧਰਤੀ ਚਲਸੀ ਮੁਕਾਮੁ ਓਹੀ ਏਕੁ ॥੭॥ ਦਿਨ ਰਵਿ ਚਲੈ ਨਿਸਿ ਸਸਿ ਚਲੈ ਤਾਰਿਕਾ ਲਖ ਪਲੋਇ ॥ ਮੁਕਾਮੁ ਓਹੀ ਏਕੁ ਹੈ ਨਾਨਕਾ ਸਚੁ ਬੁਗੋਇ ੮॥੧੭॥

. ਮਨੁੱਖ ਦਾ ਸੰਬੰਧ ਧਰਤੀ ਨਾਲ ਹੈ।

. ਧਰਤੀ ਉੱਪਰ ਰਹਿੰਦਿਆਂ ਮਨੁੱਖ, ਧਰਤੀ ਦੀਆਂ ‘ਦੋ’ ਤਰਾਂ ਦੀਆਂ ਗਤੀ ਵਿੱਧੀਆਂ ਦੇ ਨਾਲ ਜੁੜਿਆ ਹੋਇਆ ਹੈ।

1। ਚੁੰਬਕੀ ਪ੍ਰਭਾਵ ਦੇ ਤਹਿਤ ਧਰਤੀ ਆਪਣੇ-ਆਪ ਵਿਚ, ਆਪਣੀ ਧੁਰੀ ਦੇ ਦੁਆਲੇ 24 ਘੰਟਿਆਂ ਵਿੱਚ 1 ਚੱਕਰ ਪੂਰਾ ਕਰਦੀ ਹੈ। ਇੱਕ ਚੱਕਰ ਲਾਉਂਦੀ ਹੈ। ਘੁੰਮਦੀ ਧਰਤੀ ਦਾ ਜੋ ਹਿੱਸਾ ਸੂਰਜ ਦੇ ਸਾਹਮਣੇ ਆ ਜਾਂਦਾ ਹੈ, ਉਹ ‘ਦਿਨ’ ਕਹਿਲਾਉਂਦਾ ਹੈ। ਧਰਤੀ ਦੇ ਜਿਸ ਹਿੱਸੇ ਉੱਪਰ ਸੂਰਜੀ ਰੌਸ਼ਨੀ ਨਹੀਂ ਪੈਂਦੀ, ਉਹ ਹਿੱਸਾ ਰਾਤ ਕਹਿਲਾਉਂਦਾ ਹੈ। ਇਸ ਤਰਾਂ ਧਰਤੀ ਦੇ ਚੱਲਦੇ ਚੱਕਰ ਵਿੱਚ ਕੋਈ ਵੀ ਸਮਾਂ ਅਜੇਹਾ ਨਹੀਂ ਹੈ ਜਦੋਂ ਧਰਤੀ ਉੱਪਰ ਦਿਨ ਨਹੀਂ ਚੱੜਦਾ ਅਤੇ ਧਰਤੀ ਉੱਪਰ ਰਾਤ ਨਹੀਂ ਹੁੰਦੀ। (ਸਾਡੇ ਧਰਤੀ ਦੇ ਇੱਕ ਦਿਨ ਜਾਣੀ 24 ਘੰਟਿਆਂ ਵਿੱਚ ਪੁਲਾੜੀ ਯਾਤਰੀ 1 ਦਿਨ ਵਿੱਚ 16 ਵਾਰ ਸੂਰਜ ਨੂੰ ਚੱੜ੍ਹਦਾ ਅਤੇ ਡੁੱਬਦਾ ਵੇਖਦੇ ਹਨ।)

2। ਮਨੁੱਖ ਨੇ ਧਰਤੀ ਦੇ ਇਸ 1 ਚੱਕਰ ਨੂੰ ਨਾਪਣਾ-ਮਾਪਣਾ ਕਰਕੇ, ਦਿਨ-ਰਾਤ ਦੇ 12-12 ਘੰਟਿਆਂ ਵਿੱਚ ਵੰਡਣਾ ਕਰ ਲਿਆ।

3। ਇਕ ਘੰਟੇ ਨੂੰ ਅੱਗੇ 60 ਮਿੰਟਾਂ ਵਿੱਚ ਵੰਡ ਲਿਆ।

4। ਹੋਰ ਅੱਗੇ ਇੱਕ ਮਿੰਟ ਨੂੰ ਅੱਗੇ 60 ਸੈਕਿੰਟਾਂ ਵਿੱਚ ਵੰਡ ਲਿਆ।

5। ਦੂਸਰੀ ਗਤੀ-ਵਿੱਧੀ ਧਰਤੀ ਆਪਣੀ ਧੁਰੀ ਦੁਆਲੇ ਘੁੰਮਦੀ ਹੋਈ ਸੂਰਜ ਦੇ ਇੱਰਦ-ਗਿੱਰਦ ਚੱਕਰ ਲਾਉਂਦੀ ਹੈ, ਪ੍ਰਕਰਮਾ ਕਰਦੀ ਹੈ। ਇਹ ਪ੍ਰਕਰਮਾ ਚੱਕਰ 365. 1/4 ਦਿਨਾਂ ਵਿੱਚ ਪੂਰਾ ਹੁੰਦਾ ਹੈ। ਇਸ ਗਤੀ ਵਿੱਧੀ ਨੂੰ 'ਸਾਲ' ਦਾ ਨਾਮ ਦਿੱਤਾ ਗਿਆ। ਜਾਣੀ 365 ਦਿੱਨਾਂ ਦਾ ਇੱਕ ਸਾਲ।

6। ਇੱਕ ਸਾਲ ਨੂੰ ਅੱਗੇ 12 ਮਹੀਨਿਆਂ ਵਿੱਚ ਵੰਡਿਆ ਗਿਆ।

7। ਮਹੀਨਿਆਂ ਨੂੰ ਹਫ਼ਤਿਆਂ ਵਿੱਚ ਵੰਡਿਆ ਗਿਆ।

8। ਇੱਕ ਹਫ਼ਤੇ ਨੂੰ ਸੱਤ ਦਿਨ ਦਿੱਤੇ ਗਏ।

9। ਸੱਤਾਂ ਦਿਨਾਂ ਨੂੰ ਸੱਤ ਨਾਮ ਦਿੱਤੇ ਗਏ, 1. ਸੋਮਵਾਰ, 2. ਮੰਗਲਵਾਰ, 3. ਬੁਧਵਾਰ, 4. ਵੀਰਵਾਰ, 5. ਸ਼ੁਕਰਵਾਰ, 6. ਸ਼ਨਿਚਰਵਾਰ, 7. ਐਤਵਾਰ।

. ਧਰਤੀ, ਸੂਰਜ ਦੀ ਪਰਕਰਮਾ ਕਰਦੀ ਹੈ, ਦਿਨ ਰਾਤ ਬਣਦੇ ਰਹਿੰਦੇ ਹਨ।

. ਇਹ ਹਰ ਰੋਜ਼ ਦਿਨ-ਰਾਤ ਦੇ ਚੱਕਰ ਵਿੱਚ ਦੀ ਨਿਕਲਦੇ/ਲੰਘਦੇ ਅਸੀਂ ਮਨੁੱਖ ਸੋਚਣ ਲੱਗ ਪਏ ਹਾਂ ਕਿ ਸਵੇਰਸਾਰ ਉੱਠਣ ਵੇਲੇ ਜੋ ਦਿਨ, ਨਵੀਂ ਸਵੇਰ ਅਸੀਂ ਵੇਖਦੇ ਹਾਂ ਉਹ ਸਾਡੇ ਲਈ ਨਵਾਂ ਦਿਨ ਹੈ। ਦਿਨ ਤਾਂ ਸਾਰੇ ਇਕੋ ਜਿਹੇ ਹੀ ਹਨ, ਇਹ ਸਾਡੇ ਸੋਚਣ ਦੇ ਨਜ਼ਰੀਏ ਉੱਪਰ ਨਿਰਭੱਰ ਕਰਦਾ ਹੈ। ਰਾਤ ਦੇ ਹਨੇਰੇ ਵਿਚੋਂ ਨਿਕਲ ਕੇ ਜਦ ਸੂਰਜ ਦੇ ਸਾਹਮਣੇ ਹੋਏ ਤਾਂ ਸਾਨੂੰ ਚੱੜ੍ਹਦੇ ਸੂਰਜ ਦੀ ਸਥਿੱਤੀ ਨਵੇਂ ਦਿਨ ਦਾ ਅਹਿਸਾਸ ਕਰਾਉਂਦੀ ਹੈ।

. ਇਸੇ ਤਰਾਂ ਅਸੀਂ ਮਨੁੱਖ ਨਵੇਂ ਦਿਨ ਦੀ ਸੁਰੂਆਤ ਮੰਨ ਲਈ।

. ਹਫ਼ਤੇ ਦੇ ਸੱਤ ਦਿਨ ਗੁਜ਼ਰੇ ਤਾਂ ਨਵਾਂ ਹਫ਼ਤਾ ਸੁਰੂ ਹੋ ਜਾਂਦਾ ਹੈ।

. ਮਹੀਨੇ ਨੂੰ 30-31 ਦਿਨਾਂ ਵਿੱਚ ਵੰਡਿਆ ਹੋਇਆ ਹੈ। ਇਹ 30-31 ਦਿਨ ਪੂਰੇ ਹੁੰਦੇ ਹਨ ਤਾਂ ਅਸੀਂ ਨਵਾਂ ਮਹੀਨਾ ਚੜਿਆ ਮੰਨਦੇ ਹਾਂ।

. 12 ਮਹੀਨੇ ਪੂਰੇ ਹੋ ਜਾਂਦੇ ਹਨ ਤਾਂ 31 ਦਸੰਬਰ ਤੋਂ ਅੱਗਲੇ ਦਿਨ ਨੂੰ ਨਵਾਂ ਸਾਲ ਮੰਨਣ ਲੱਗ ਪਏ ਹਾਂ। ਕਿਉਂਕਿ 31 ਦਸੰਬਰ ਤੋਂ ਬਾਦ ਵਿੱਚ ਸਾਲ ਦਾ ਨੰਬਰ ਬਦਲ ਜਾਂਦਾ ਹੈ। ਫਿਰ ਇਹ ਨਵੇਂ ਸਾਲ ਦਾ ਨਵਾਂ ਨੰਬਰ ਪੂਰੇ 365 ਦਿਨ ਉਹੀ ਨੰਬਰ ਚੱਲੇਗਾ। 365 ਦਿਨਾਂ ਬਾਅਦ ਫਿਰ ਇਹ ਸਾਲ ਦਾ ਨੰਬਰ ਬਦਲ ਕੇ ਅੱਗਲਾ ਨਵਾਂ ਨੰਬਰ ਆ ਜਾਵੇਗਾ। ਸੋ ਇਸ ਤਰਾਂ ਹਰ 365 ਦਿਨਾਂ ਦੇ ਬਾਅਦ ਨਵਾਂ ਸਾਲ ਆਈ ਜਾਂਦਾ ਹੈ।

. ਪਰ ਅਸਲੀਅਤ ਉਹੀ ਹੈ, ਕਿ ਅਸੀਂ ਮਨੁੱਖ ਧਰਤੀ ਦੀ 1 ਨੰਬਰ ਦੀ ਗੱਤੀ-ਵਿੱਧੀ ਕਰਕੇ ਦਿਨ-ਰਾਤ ਦੇ ਚੱਕਰ ਵਿੱਚ ਹਾਂ। ਸੋ ਇਸ ਲਈ ਨਵੇਂ ਪੁਰਾਣੇ ਦਿਨਾਂ ਦੇ ਚੱਕਰਾਂ ਵਿੱਚ ਪਏ ਰਹਿੰਦੇ ਹਾਂ।

. ਦਿਨ ਬਾਅਦ ਹਨੇਰੇ ਨੇ ਆਉਂਣਾ ਹੀ ਹੈ ਅਤੇ ਹਨੇਰੇ ਦੇ ਬਾਅਦ ਦਿਨ ਨੇ ਆਉਂਣਾ ਹੀ ਹੈ। ਇਹ ਕੁੱਦਰਤੀ ਚੱਕਰ ਹੈ ਜੋ ਜਦ ਤੋਂ ਧਰਤੀ ਬਣੀ ਹੈ, ਚੱਲਦਾ ਹੀ ਆ ਰਿਹਾ ਹੈ।

** ਨਵੇਂ ਸਾਲ 1 ਜਨਵਰੀ 2020 ਵਿੱਚ ਕੁੱਦਰਤੀ ਤੌਰ ਉੱਪਰ ਕੁੱਝ ਵੀ ਬਦਲੀ ਨਹੀਂ ਹੋਣਾ। ਆਮ ਵਾਂਗ ਸੱਭ ਕੁੱਝ ਉਸੇ ਤਰਾਂ ਹੀ ਸੁਭਾਵਿੱਕ ਚੱਲਦਾ ਰਹੇਗਾ।

. ਮਨੁੱਖ ਦੇ ਬਣਾਏ ਸਿਸਟਿੱਮ ਵਿੱਚ ਨੰਬਰ 31 ਦਸੰਬਰ 2019 ਦਾ 1 ਜਨਵਰੀ 2020 ਹੋ ਜਾਣਾ ਹੈ।

. ਸਾਲ ਦਾ ਨੰਬਰ ਬਦਲਕੇ 2020 ਹੋ ਰਿਹਾ ਹੈ।

. ਨਵੇਂ ਸਾਲ ਵਿੱਚ ਆਪਣਾ, ਆਪਣੀ ਤੰਦਰੁਸਤੀ ਦਾ/ਸਿਹਤ ਦਾ ਖਿਆਲ ਰੱਖਣਾ।

. ਆਪਣੇ ਜੀਵਨ ਵਿੱਚ ਚੜ੍ਹਦੀ ਕਲਾ ਬਣਾਈ ਰੱਖਣ ਲਈ ਆਪਣੇ ਖਿਆਲਾਂ ਵਿਚਾਰਾਂ ਵਿੱਚ ਚੜ੍ਹਦੀ ਕਲਾ ਬਣਾਈ ਰੱਖਣਾ।

. ਚੰਗੀ ਸੰਗਤ/ਚੰਗੀ ਸੋਹਬਤ, ਚੰਗੇ ਦੋਸਤ ਮਿੱਤਰ ਹੀ ਆਪਣੀਆਂ ਸੋਚਾਂ ਵਿੱਚ ਲਿਆਉਣਾ ਕਰਨਾ।

. ਆਪਣੀ ਚਾਦਰ ਵੇਖ ਕੇ ਆਪਣੇ ਪੈਰ ਪਸਾਰਨੇ ਕਰਨਾ।

. ਪ੍ਰੀਵਾਰ ਵਿੱਚ ਸੁੱਖ ਸ਼ਾਤੀ ਬਣਾਈ ਰੱਖਣ ਲਈ ਪ੍ਰੀਵਾਰ ਦੇ ਮੋਢੀ ਦਾ ਅਹਿਮ ਰੋਲ ਹੁੰਦਾ ਹੈ। ਸੋ ਪਰੀਵਾਰਕ ਮੋਢੀ ਬੜੇ ਸਹਿਜ ਵਾਲਾ ਹੋਣਾ ਜਰੂਰੀ ਹੈ। ਦੂਰ-ਅੰਦੇਸ਼, ਗਿਆਨਵਾਨ, ਗੁਰਮੱਤ ਸੋਝੀ ਵਾਲਾ ਹੋਵੇ ਤਾਂ ਸੋਨੇ ਉੱਪਰ ਸੁਹਾਗੇ ਵਾਲਾ ਕੰਮਹੋ ਜਾਂਦਾ ਹੈ।

. ਮਨੁੱਖਾ ਜੀਵਨ ਦੇ ਕੰਮਕਾਰ ਮਨੁੱਖ ਨੂੰ ਹੀ ਪੂਰੇ ਕਰਨੇ ਪੈਣੇ ਹਨ।

. ਕਿਸੇ ਬਾਹਰਲੀ ਗ਼ੈਬੀ ਸ਼ਕਤੀ ਨੇ ਮਨੁੱਖ ਦੇ ਕੰਮ ਨਹੀਂ ਕਰਨੇ, ਜਿਸ ਤਰਾਂ ਮਨੁੱਖ ਸੋਚਦਾ ਹੈ ਕਿ ਰੱਬ ਅੱਗੇ ਲੇਲੜੀਆਂ ਕੱਢਣ ਨਾਲ ਸਾਇਦ ਪਉਂ-ਬਾਰਾਂ ਹੋ ਜਾਣ। ਨਹੀਂ ਕਦੇ ਵੀ ਨਹੀਂ। ਤੁਹਾਡੇ ਉੱਦਮ ਤੋਂ ਬਿਨਾਂ ਚੜ੍ਹਦੀ ਕਲਾ ਨਹੀਂ ਵਾਪਰਨੀ। ਅਗਰ ਢੇਰੀ ਢਾਹ ਕੇ ਬੈਠ ਗਏ ਤਾਂ ਜੀਵਨ ਢਹਿੰਦੀ ਕਲਾ ਵੱਲ ਨੂੰ ਜਾਏਗਾ।

. ਨਵੇਂ ਸਾਲ ਵਿੱਚ ਆਪਣੇ ਆਪ ਵਿੱਚ ਹਿੰਮਤ ਭਰੋ ਅਤੇ ਆਪਣੇ ਕੰਮਾਂ ਨੂੰ ਫਤਹਿ ਕਰਨ ਲਈ ਸੁਚੱਜੀ ਵਿਉਂਤਬੰਦੀ ਬਨਾਉਣਾ ਕਰੋ ਜੀ।

** ਨਵੇਂ ਸਾਲ 2020 ਦੀਆਂ ਬਹੁਤ ਬਹੁਤ ਵਧਾਈਆਂ, ਮੁਬਾਰਕਾਂ।




ਧੰਨਵਾਧ।

ਇੰਜ ਦਰਸਨ ਸਿੰਘ ਖਾਲਸਾ

ਸਿੱਡਨੀ ਅਸਟਰੇਲੀਆ।

29 ਦਸੰਬਰ 2019.